# ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ

## ਝੋਲਨਾ ॥

ਇਹ ਇਕ ਕਿਸਮ ਦਾ ਛੰਦ ਹੈ ਜਿਸ ਦੀ ਚਾਲ ਝੂਲੇ, ਪੀਂਘ ਵਰਗੀ ਹੈ। ਇਹ ਛੰਦ ਭੱਟ ਗਯੰਦ ਜੀ ਦਾ, ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਦੀ ਸਿਫ਼ਤ ਸਲਾਹ ਵਿਚ ਉਚਾਰਣ ਕੀਤਾ ਹੋਇਆ ਹੈ, ਜੋ 'ਸਵਈਏ ਮਹਲੇ ਚੌਥੇ ਕੇ ੪' ਨਾਂ ਦੀ ਬਾਣੀ ਵਿਚ, ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪੦੦ ਤੇ ਸੁਭਾਇਮਾਨ ਹੈ। ਇਸ ਵਿਚ ਆਇਆ '**ਗੁਰੂ ਗੁਰੂ ਜਪਣ**' ਦਾ ਉਪਦੇਸ਼ ਸਪੱਸ਼ਟ ਤੌਰ ਤੇ, ਨਿਰਗੁਨ ਅਕਾਲ ਪੁਰਖ ਅਤੇ ਉਸਦੇ ਸਰਗੁਨ ਸਰੂਪ, ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਸਿਮਰਨ ਕਰਨ ਲਈ ਹੈ। ਇਸੇ ਬਾਣੀ ਵਿਚ ਹੀ 'ਵਾਹਗੁਰੂ' ਅਤੇ 'ਵਾਹਿਗੁਰੂ' ਸ਼ਬਦਾਂ ਦਾ ਪ੍ਰਯੋਗ **ਸ੍ਰੀ ਗੁਰੂ ਰਾਮਦਾਸ ਸਾਹਿਬ** ਲਈ ਕੀਤਾ ਮਿਲਦਾ ਹੈ। ਜਦੋਂ ਸਿਖ '**ਵਾਹਗੁਰੂ ਵਾਹਗੁਰੂ**' ਦਾ ਜਾਪ, ਸਿਮਰਨ ਕਰਦਾ ਹੈ ਤਾਂ ਉਸ ਵਿਚ ਪ੍ਰਭੂ ਦੇ ਨਿਰਗੁਨ ਅਤੇ ਸਰਗੁਨ ਸਰੂਪ ਦੋਵੇਂ ਸਮਿਲਿਤ ਹਨ। ਸਰਗੁਨ ਸਰੂਪ ਵਿਚ ਦਸ ਪਾਤਸ਼ਾਹ ਅਤੇ ਉਨ੍ਹਾਂ ਦੇ ਪਿਛਲੇ ਜੁਗਾਂ ਦੇ ਸਰੂਪ ਵੀ ਸ਼ਾਮਲ ਹਨ।

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥

**ਅਰਥ :** ਹੇ ਪ੍ਰਾਣੀਓ ! ਜੇ ਤੁਸੀਂ ਇਸ ਦੁਨੀਆਂ ਅਤੇ ਮੌਤ ਤੋਂ ਬਾਅਦ ਦੀ ਦੁਨੀਆਂ ਦੇ ਸਾਰੇ ਸੁਖ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ 'ਗੁਰੂ ਗੁਰ ਗੁਰੂ ਗੁਰ ਗੁਰੂ', ਭਾਵ, **ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ...** ਜਪੋ, ਸਿਮਰਨ ਕਰੋ।

ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ
ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ ॥

**ਅਰਥ :** ਜੋ ਮਨੁਖ ਗੁਰੂ ਦਾ ਦਿਤਾ ਸ਼ਬਦ, ਗੁਰਮੰਤਰ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ...** ਜਪਦਾ ਹੈ, ਸਿਮਰਦਾ ਹੈ, ਉਸ ਨੂੰ ਨਾਮ ਦੀ ਅਤੇ ਨੌਂ ਨਿਧੀਆਂ ਆਦਿ ਦੀ ਬਖਸ਼ਿਸ਼ ਹੋ ਜਾਂਦੀ ਹੈ, ਦਿਨ ਰਾਤ ਉਸਦੀ ਰਸਨਾ ਤੇ ਉਸ ਦਾ ਰਸ ਆ ਜਾਂਦਾ ਹੈ, ਇਹ ਸਚਾਈ ਸਚ ਕਰ ਕੇ ਜਾਣੋ।

ਇਕ ਸਚੇ ਸਿਖ ਲਈ ਗੁਰਮੰਤਰ ਦੇ ਜਾਪ ਦਾ ਨਿਸ਼ਾਨਾ ਨਿਧੀਆਂ ਆਦਿ ਦੀ ਪ੍ਰਾਪਤੀ ਨਹੀਂ ਪਰ ਜਾਪ ਨਾਲ ਇਹ ਰਿਧੀਆਂ ਸਿਧੀਆਂ ਨਿਧੀਆਂ ਸਹਿਜੇ ਹੀ, ਅਣਚਾਹਿਆਂ ਹੀ ਪ੍ਰਾਪਤ ਹੋ ਜਾਂਦੀਆਂ ਹਨ, ਜਾਂ ਇਉਂ ਕਹਿ ਲਈਏ ਕਿ ਇਹ side effect ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ 'ਹਰਿ', **ਵਾਹਗੁਰੂ** ਗੁਰਮੰਤਰ ਨੂੰ ਜਪ ਜਪ ਕੇ ਸਦਾ ਹਿਰਦੇ ਵਿਚ ਵਸਾਈ ਰਖਦਾ ਹੈ, ਨੌਂ ਨਿਧੀਆਂ ਅਤੇ ਅਠਾਰਹ ਸਿਧੀਆਂ ਉਸ ਦੇ ਪਿਛੇ ਪਿਛੇ ਲਗੀਆਂ ਰਹਿੰਦੀਆਂ ਹਨ, ਭਾਵ, ਨਾ ਚਾਹੁੰਦਿਆਂ ਹੋਇਆਂ ਵੀ ਪ੍ਰਾਪਤ ਹੋ ਜਾਂਦੀਆਂ ਹਨ – 'ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥', ਪੰਨਾ ੬੪੯. ਪਾਤਸ਼ਾਹ ਨੇ ਤਾਂ ਸਪੱਸ਼ਟ ਬਚਨ ਕੀਤੇ ਹਨ ਕਿ ਰਿਧੀਆਂ ਸਿਧੀਆਂ ਆਦਿ ਸਭ ਵਡਿਆਈਆਂ, ਭਗਤ ਜਨਾਂ ਦੇ ਚਰਨੀਂ ਲਗੀਆਂ ਹੋਈਆਂ ਹਨ, ਉਨ੍ਹਾਂ ਦੀਆਂ ਦਾਸੀਆਂ ਹਨ – 'ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ..', ਪੰਨਾ ੬੩੭. ਸ੍ਰੀ ਗੁਰੂ ਅਰਜਨ ਸਾਹਿਬ ਦਾ ਵੀ ਅਜਿਹਾ ਹੀ ਫ਼ੁਰਮਾਣ ਹੈ ਕਿ ਪ੍ਰਭੂ ਦੇ ਸਿਮਰਨ ਨਾਲ ਰਿਧੀ ਸਿਧੀਆਂ ਅਤੇ ਨੌਂ ਨਿਧੀਆਂ (ਖ਼ਜ਼ਾਨੇ) ਅਤੇ ਗਿਆਨ, ਧਿਆਨ, ਭਾਵ, ਇਕਸੁਰਤਾ ਅਤੇ ਤੱਤ (ਪ੍ਰਭੂ) ਦੀ ਪ੍ਰਾਪਤੀ ਹੋ ਜਾਂਦੀ ਹੈ – 'ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥', ਪੰਨਾ ੨੬੨. ਹੋਰ ਫ਼ੁਰਮਾਣ ਕਰਦੇ ਹਨ ਕਿ ਜੋ ਪ੍ਰਭੂ ਦੇ ਮਨ ਨੂੰ ਭਾਅ ਜਾਂਦਾ ਹੈ ਉਹ ਨੌਂ ਨਿਧੀਆਂ, ਸਭ ਰਿਧੀਆਂ ਸਿਧੀਆਂ, ਸੁਤੇ ਸਿਧ ਹੀ, ਹਾਸਲ ਕਰ ਲੈਂਦਾ ਹੈ – 'ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ॥', ਪੰਨਾ ੧੦੧੮. ਗੁਰਬਾਣੀ ਦਾ ਹੋਰ

ਹੁਕਮ ਹੈ ਕਿ 'ਹੇ ਮੇਰੇ ਮਨ ! ਜੇ ਤੂੰ ਰਬੀ ਬੁਧੀ, ਰਿਧੀਆਂ, ਸਿਧੀਆਂ, ਭਾਵ, ਕੁਝ ਵੀ ਵਧ ਤੋਂ ਵਧ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ **ਵਾਹਗੁਰੂ ਵਾਹਗੁਰੂ ਵਾਹਗੁਰੂ** (**ਸਬਦੁ ਹਰਿ ਹਰਿ ਜਪੈ**) ਦਾ ਜਾਪ, ਸਿਮਰਨ ਕਰ' - 'ਜਉ ਹਰਿ ਬੁਧਿ ਰਿਧਿ ਸਿਧਿ ਚਾਹਤ **ਗੁਰੂ ਗੁਰੂ ਗੁਰੁ** ਕਰੁ ਮਨ ਮੇਰੇ॥', ਪੰਨਾ ੧੪੦੦.

ਗੁਰਬਾਣੀ ਵਿਚ ਨੌਂ ਨਿਧੀਆਂ ਅਰਥਾਤ ਨੌਂ ਖ਼ਜ਼ਾਨੇ ਦਾ ਬਹੁਤ ਵਾਰ ਜ਼ਿਕਰ ਆਇਆ ਹੈ, ਜੋ ਇਹ ਮੰਨੇ ਜਾਂਦੇ ਹਨ :-

ਪਦਮ - ਪੁਤਰਾਂ ਪੋਤਰਿਆਂ ਤਕ ਲਈ ਸੋਨਾ ਚਾਂਦੀ ਤਾਂਬਾ ਅਤੇ ਹੋਰ ਧਾਤਾਂ ਦੀ ਮਲਕੀਅਤ, ਮਹਲ, ਮੰਦਰਾਂ ਦੀ ਉਸਾਰੀ, ਨਿਮਰਤਾ, ਚੰਗਿਆਈ, ਅਨੰਦ, ਇਮਾਨਦਾਰੀ ਆਦਿ।

ਮਹਾਪਦਮ - ਸਤ ਪੀੜ੍ਹੀਆਂ ਤਕ ਲਈ ਚੰਗਿਆਈ ਮੁਖ ਗੁਣ, ਹੀਰੇ ਜਵਾਹਰਾਤ ਮੋਤੀ ਮਾਣਕ ਆਦਿ ਦੀ ਬਹੁਤਾਤ ਅਤੇ ਇਨ੍ਹਾਂ ਦੀ ਸੁਯੋਗ ਅਤੇ ਧਰਮ ਕਰਮਾਂ ਲਈ ਵਰਤੋਂ ਆਦਿ।

ਸ਼ੰਖ - ਪੁਸ਼ਾਕਾਂ, ਪਕਵਾਨ ਆਦਿ ਦਾ ਖ਼ਜ਼ਾਨਾ, ਆਦਿ। ਪਰ ਇਕ ਵਿਅਕਤੀ ਤਕ ਹੀ ਸੀਮਤ।

ਮਕਰ - ਅਸਤਰ ਸ਼ਸਤਰਾਂ ਦਾ ਖ਼ਜ਼ਾਨਾ ਅਤੇ ਉਨ੍ਹਾਂ ਦੀ ਵਿਦਿਆ, ਰਾਜਿਆਂ ਮਹਾਰਾਜਿਆਂ ਨਾਲ ਦੋਸਤੀ, ਆਦਿ। ਇਹ ਆਪਣੇ ਤਕ ਹੀ ਰਹਿੰਦੀ ਹੈ, ਪੁਸ਼ਤਾਂ ਤਕ ਨਹੀਂ ਜਾਂਦੀ।

ਕੱਛਪ - ਜ਼ਿੰਦਗੀ ਦੇ ਸਭ ਨਿਯਮਾਂ ਦੀ ਵਿਦਿਆ, ਜਾਣਕਾਰੀ ਆਦਿ।

ਮੁਕੰਦ - ਸੰਗੀਤ ਦੀ ਵਿਦਿਆ, ਸਾਜ਼ਾਂ ਵਿਚ ਨਿਪੁੰਨਤਾ ਆਦਿ।

ਕੁੰਦ - ਲੰਬਾ ਸੁਖੀ ਜੀਵਨ, ਸੁੰਦਰ ਸੁਖਦਾਇਕ ਪਤਨੀਆਂ ਆਦਿ।

ਨੀਲ ਅਤੇ ਵਚੰ - ਫੁਲ ਫ਼ਲ, ਖਣਿਜ, ਸਾਗਵਾਨ (ਟੀਕ) ਦੀ ਲਕੜ, ਸਮੁੰਦਰੀ ਖ਼ਜ਼ਾਨਾ ਜਿਵੇਂ ਸਿਪੀਆਂ ਮੋਤੀ, ਆਦਿ ਦਾ ਖ਼ਜ਼ਾਨਾ, ਆਦਿ।

ਅਠ ਸਿਧੀਆਂ ਹਨ - ਅਣਿਮਾ (ਜਿਤਨਾ ਮਰਜ਼ੀ ਛੋਟਾ ਹੋ ਜਾਣਾ), ਮਹਿਮਾ (ਜਿਤਨਾ ਮਰਜ਼ੀ ਵਡਾ ਹੋ ਜਾਣਾ), ਗਰਿਮਾ (ਜਿਤਨਾ ਮਰਜ਼ੀ ਭਾਰਾ ਹੋ ਜਾਣਾ), ਲਘਿਮਾ (ਜਿਤਨਾ ਮਰਜ਼ੀ ਹੌਲਾ ਹੋ ਜਾਣਾ), ਪ੍ਰਾਪ੍ਤਿ (ਮਨਬਾਂਛਤ ਵਸਤੂ ਹਾਸਲ ਕਰ ਲੈਣੀ), ਪ੍ਰਾਕਾਮਯ (ਸਭ ਦੇ ਮਨ ਦੀ ਜਾਣ ਲੈਣਾ), ਈਸ਼ਿਤਾ (ਆਪਣੀ ਇਛਾ ਅਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਕਾਬੂ ਕਰ ਲੈਣਾ)।

ਰਿਧੀਆਂ ਅਤੇ ਹੋਰ ਦਸ ਸਿਧੀਆਂ ਦੀ ਸੂਚੀ ਲੰਮੇਰੀ ਹੋਣ ਕਰ ਕੇ ਨਹੀਂ ਦਿਤੀ ਜਾ ਰਹੀ।

**ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ**
**ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯ਼ਾਨੀਅਹੁ ॥**

**ਅਰਥ :** ਫ਼ਿਰ ਇਸ ਤਰ੍ਹਾਂ ਸਿਮਰਨ ਕਰਦੇ ਕਰਦੇ ਵਾਹਿਗੁਰੂ ਦੇ ਪ੍ਰੇਮ ਰੰਗ, ਨਾਮ ਦੇ ਰੰਗ ਨੂੰ ਪ੍ਰਾਪਤ ਕਰ ਲਈਦਾ ਹੈ। ਇਸ ਲਈ ਹੇ ਗਿਆਨੀ ਜਨੋਂ ! ਇਹ ਸਿਮਰਨ ਵਿਚ ਧਿਆਨ ਲਗਾਉਣ ਦਾ ਕੰਮ ਗੁਰਮੁਖ ਹੋ ਕੇ, ਭਾਵ, ਗੁਰੂ ਦੇ ਉਪਦੇਸ਼ ਦਾ ਅਨੁਸਰਣ ਕਰਦੇ ਹੋਏ ਕਰੀਏ, ਇਸ ਤੋਂ ਇਲਾਵਾ ਹੋਰ ਸਾਰੇ ਮਾਰਗ ਛਡ ਦਈਏ, 'ਹਰਿ' **ਵਾਹਗੁਰੂ** ਦਾ ਭਜਨ ਕਰੀਏ, ਜਪੀਏ, ਸਿਮਰੀਏ।

ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਗੋਬਿੰਦ ਜੀ ਦੇ ਚਰਨਾਂ ਦੇ ਪ੍ਰੇਮ ਰੰਗ ਨਾਲ ਜੁੜਿਆ ਮਾਰਗ ਹੀ ਸੁਹਾਵਾ ਹੈ, ਸੁਖਦਾਈ ਹੈ, ਹੋਰ ਜਿਤਨਾ ਇਧਰ ਉਧਰ ਭਜ ਲਈਏ, ਉਤਨੇ ਹੀ ਦੁਖਾਂ ਵਿਚ ਪਛਤਾਉਂਦੇ ਰਹਾਂਗੇ, ਵਿਯੋਗ ਵਿਚ ਰਹਾਂਗੇ - 'ਚਰਨਹ ਗੋਬਿੰਦ ਮਾਰਗੁ ਸੁਹਾਵਾ॥ ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ॥', ਪੰਨਾ ੧੨੧੨.

**ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ**
**ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥**

**ਅਰਥ :** ਹੇ ਭਗਤ ਜਨੋਂ ! ਆਪਣੇ ਗੁਰੂ ਦੇ ਬਚਨ, ਉਪਦੇਸ਼ ਹਿਰਦੇ ਵਿਚ ਧਾਰਨ ਕਰੋ, ਪੰਜ ਭੂਤਨੇ, ਵਿਕਾਰਾਂ ਵਸ ਵਿਚ ਕਰ ਲਉ, ਜਿਤ ਲਉ। ਅਜਿਹਾ ਕਰਨ ਨਾਲ ਆਪਣਾ ਵੀ ਅਤੇ ਸਾਰੀ ਕੁਲ ਦੇ ਮਨੁਖਾ ਜਨਮ ਦਾ ਉਧਾਰ ਕਰਵਾ ਲਉਗੇ ਅਤੇ ਵਾਹਿਗੁਰੂ ਦੇ ਦੁਆਰ, ਦਰਬਾਰ ਵਿਚ ਮੰਨੇ ਜਾਉਗੇ, ਆਦਰ ਪ੍ਰਾਪਤ ਕਰੋਗੇ।

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ, ਸਾਰੇ ਪਾਪਾਂ ਦਾ ਅਤੇ ਸਭ ਗੁਜ਼ਰ ਚੁਕੇ ਪਿਤਰਾਂ ਦਾ ਵੀ ਉਧਾਰ ਹੋ ਜਾਂਦਾ ਹੈ ਇਸ ਲਈ ਉਹ 'ਹਰਿ ਹਰਿ', **ਵਾਹਗੁਰੂ ਵਾਹਗੁਰੂ...** ਨਾਮ ਸਦਾ ਜਪਦੇ ਰਹੀਏ, ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ - 'ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥ ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤ ਨ ਪਾਰੋ॥', ਪੰਨਾ ੪੯੬. ਪਾਤਸ਼ਾਹ ਦੇ ਹੋਰ ਬਚਨ ਹਨ ਕਿ ਗੁਰੂ ਦੇ ਬਚਨਾਂ ਅਨੁਸਾਰੀ ਹੋਣ ਨਾਲ ਗੁਣਹੀਨ ਵਿਅਕਤੀ ਦਾ ਉਧਾਰ ਹੋ ਜਾਂਦਾ ਹੈ, ਜਨਮ ਮਰਨ ਦੇ ਗੇੜ ਵਿਚ ਪਏ, ਨਰਕਾਂ ਵਿਚ ਫ਼ਸਿਆਂ ਦੀਆਂ ਕੁਲਾਂ ਤਕ ਦਾ ਉਧਾਰ ਹੋ ਜਾਂਦਾ ਹੈ - 'ਸਤਿਗੁਰ ਬਚਨ ਤੁਮ੍ਾਰੇ ॥ ਨਿਰਗੁਣ ਨਿਸਤਾਰੇ॥... ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ॥', ਪੰਨਾ ੪੦੬. ਮਹਾਰਾਜ ਦਾ ਫ਼ੁਰਮਾਣ ਹੈ, ਪ੍ਰਭੂ ਦਾ ਨਾਮ ਜਪਣ ਨਾਲ ਵਾਹਿਗੁਰੂ ਦੀ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ ਅਤੇ ਜੀਵ ਇਜ਼ੱਤ ਨਾਲ ਆਪਣੇ, ਭਾਵ ਵਾਹਿਗੁਰੂ ਦੇ ਘਰ ਜਾਂਦਾ ਹੈ - 'ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ॥ ਨਾਨਕ ਪਤਿ ਸੇਤੀ ਘਰਿ ਜਾਵਹਿ॥', ਪੰਨਾ ੨੭੦.

**ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ**
**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥**

**ਅਰਥ :** ਹੇ ਪ੍ਰਾਣੀਓ ! ਜੇ ਤੁਸੀਂ ਇਸ ਦੁਨੀਆਂ ਅਤੇ ਮੌਤ ਤੋਂ ਬਾਅਦ ਦੀ ਦੁਨੀਆਂ ਦੇ ਸਾਰੇ ਸੁਖ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ 'ਗੁਰੂ ਗੁਰ ਗੁਰੂ ਗੁਰ ਗੁਰੂ', ਭਾਵ, **ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ...** ਜਪੋ, ਸਿਮਰਨ ਕਰੋ।
ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਜੇ ਸੁਖ ਦੀ ਪ੍ਰਾਪਤੀ ਕਰਨੀ ਹੈ ਤਾਂ ਸਿਮਰਨ ਕਰੋ, ਜਿਸ ਨਾਲ ਸਾਰੇ ਕਲ ਕਲੇਸ ਮਿਟ ਜਾਂਦੇ ਹਨ - 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥', ਪੰਨਾ ੨੨੪. ਹੋਰ ਫ਼ੁਰਮਾਣ ਕਰਦੇ ਹਨ ਕਿ ਇਹ ਸਿਮਰਨ ਇਸ ਲੋਕ ਤੇ ਅਗਲੇ ਲੋਕ, ਦੋਨਾਂ ਵਿਚ ਸਹਾਈ ਹੁੰਦਾ ਹੈ, ਸੁਖਦਾਈ ਹੈ - 'ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥ ਇਹ ਲੋਕਿ ਪਰਲੋਕਿ ਸੰਗ ਸਹਾਈ ਜਤ ਕਤ ਮੋਹਿ ਰਖਵਾਲੇ॥', ਪੰਨਾ ੬੭੯.

ਸ੍ਰੀ ਗੁਰੂ ਰਾਮਦਾਸ ਸਾਹਿਬ ਦੀ ਉਸਤਤਿ ਵਿਚ ਉਚਾਰਣ ਕੀਤਾ ਇਹ ਛੰਦ, ਵਾਰ ਵਾਰ ਇਹ ਇਸ਼ਾਰਾ ਕਰ ਰਿਹਾ ਹੈ ਕਿ ਵਾਹਗੁਰੂ ਦਾ ਸਿਮਰਨ ਕਰੋ, ਉਸ ਵਾਹਗੁਰੂ ਦਾ ਜੋ ਨਿਰਗੁਣ ਰੂਪ ਵਿਚ ਨਿਰੰਕਾਰ ਹੈ, ਅਕਾਲ ਪੁਰਖ ਹੈ ਅਤੇ ਸਰਗੁਨ ਸਰੂਪ ਵਿਚ ਸ੍ਰੀ ਗੁਰੂ ਰਾਮਦਾਸ ਹੈ ਜਾਂ ਦਸ ਪਾਤਸ਼ਾਹ ਹਨ।

**ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ**
**ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ**
**ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ**